# ਸਿੱਖ ਮੈਨੀਫੈਸਟੋ 2015 - 2020

THE SIKH MANIFESTO

## ਸਾਡੀ ਦੇਣ ਬਹੁਤ ਹੈ,
## ਸਾਡੇ ਹੱਕ ਵੀ ਸਾਨੂੰ ਮਿਲਣੇ ਚਾਹੀਦੇ ਹਨ।

- ਬਰਤਾਨੀਆ ਦੇ 7 ਲੱਖ ਸਿੱਖਾਂ ਨੂੰ ਇਕ ਆਦਰਸ਼ਕ ਕਮਯੂਨਿਟੀ ਹੋਣ ਦੀ ਮਾਨਤਾ ਪ੍ਰਾਪਤ ਹੈ। ਆਪਣੀ ਨਿਆਰੀ ਧਾਰਮਿਕ ਪਹਿਚਾਣ ਕਾਇਮ ਰੱਖਦਿਆਂ ਹੋਇਆਂ ਵੀ ਸਿੱਖ ਬਹੁਤ ਕਾਮਯਾਬੀ ਨਾਲ ਇਸ ਮੁਲਕ ਦੇ ਵਾਤਾਵਰਨ ਵਿੱਚ ਰਲ-ਮਿਲ ਗਏ ਹਨ।

- ਸਿੱਖਾਂ ਨੇ ਸਭ ਖੇਤਰਾਂ ਵਿੱਚ ਆਪਣੀ ਅਣਥੱਕ ਮਿਹਨਤ ਦੁਆਰਾ ਵਧ ਤੋਂ ਵਧ ਯੋਗਦਾਨ ਪਾਇਆ ਹੈ। ਇਹ ਮਨੁੱਖਤਾ ਦੀ ਭਿੰਨਤਾ ਤੇ ਸਭ ਧਰਮਾਂ ਦਾ ਸਨਮਾਨ ਕਰਦੇ ਹਨ। ਬਰਾਬਰਤਾ ਅਤੇ ਸਹਿਨਸ਼ੀਲਤਾ ਵਿੱਚ ਵਿਸ਼ਵਾਸ ਰੱਖਦੇ ਹਨ।

- ਸਿੱਖਾਂ ਦੀ ਬਹੁਤ ਫਖਰ ਵਾਲੀ ਮਿਲਟਰੀ ਪਰੰਪਰਾ ਹੈ ਅਤੇ ਪਿਛਲੇ 200 ਸਾਲਾਂ ਵਿੱਚ ਇਨ੍ਹਾਂ ਆਪਣੀ ਗਿਣਤੀ ਨਾਲੋਂ ਕਿਤੇ ਵੱਧ ਯੋਗਦਾਨ ਪਾਇਆ ਹੈ। ਅੱਜ, ਸਿੱਖਾਂ ਦੀਆਂ ਦੋ ਸੰਸਾਰ ਯੁੱਧਾਂ ਵਿੱਚ ਬੇਮਿਸਾਲ ਕੁਰਬਾਨੀਆਂ ਸਦਕਾ ਯੂਰਪ ਅਜਾਦੀ ਦਾ ਨਿੱਘ ਮਾਣ ਰਿਹਾ ਹੈ। ਫਿਰ ਵੀ ਹੁਣ ਤੀਕ ਦੇ ਸਫ਼ਰ ਵਿੱਚ ਸਿੱਖਾਂ ਨੂੰ ਬਹੁਤ ਮੁਸ਼ਕਲਾਂ ਅਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ। ਲੋੜ ਅਨੁਸਾਰ ਸਿੱਖਾਂ ਨੇ ਆਪਣੇ ਹੱਕਾਂ ਦੀ ਰਾਖੀ ਲਈ ਸ਼ਾਂਤਮਈ ਰੋਸ ਮੁਜਾਹਰੇ, ਲਾਬੀਆਂ ਅਤੇ ਅਖੀਰ ਕਾਨੂੰਨ ਦੀ ਆੜ ਲਈ ਹੈ। ਪਰ ਦੁਖ ਭਰੀ ਅਸਲੀਅਤ, ਜੋ ਗੌਰਮਿੰਟ ਦੇ 30 ਸਾਲਾ ਰੂਲ ਹੇਠ ਬਾਹਰ ਆਏ ਪੇਪਰਾਂ ਤੋਂ ਜਾਹਰ ਹੁੰਦੀ ਹੈ, ਇਹ ਹੈ ਕਿ ਕਿਵੇਂ ਕਾਨੂੰਨ-ਪਸੰਦ ਸਿੱਖਾਂ ਦੇ ਡੈਮੋਕ੍ਰੇਟਿਕ ਹੱਕਾਂ ਨੂੰ ਇੰਡੀਆ ਨਾਲ ਵਪਾਰ ਬਦਲੇ ਵੇਚਿਆ ਗਿਆ ਹੈ।

- ਅੱਜ ਭਾਵੇਂ ਸਿੱਖ ਤਜਾਰਤ, ਵਿੱਦਿਅਕ ਅਤੇ ਡਾਕਟਰੀ ਆਦ ਖੇਤਰਾਂ ਵਿੱਚ ਬਹੁਤ ਉੱਨਤ ਹਨ, ਪਰ ਸਿਆਸਤ ਵਿੱਚ ਆਪਣਾ ਯੋਗਦਾਨ ਪਾਉਣ ਲਈ ਇਨ੍ਹਾਂ ਨੂੰ ਉਤਸ਼ਾਹਤ ਨਹੀਂ ਕੀਤਾ ਗਿਆ। ਹੁਣ ਸਿੱਖ ਮੁੱਦਿਆਂ ਨੂੰ ਲਾਬੀ ਰਾਹੀਂ ਜਾਂ ਲੋਕਲ ਅਤੇ ਨੈਸ਼ਨਲ ਸਿਆਸਤ ਵਿੱਚ ਹਿੱਸਾ ਲੈ ਕੇ ਉਠਾਉਣ ਦੀ ਸਿੱਖਾਂ ਵਿੱਚ ਜਾਗਰਤ ਹੈ।

- ਸਿੱਖ ਲੰਮੇ ਸਮੇਂ ਤੋਂ ਮਨੁੱਖਤਾ ਦੇ ਮੁੱਢਲੇ ਅਸੂਲ, ਸੱਚਾਈ, ਇਨਸਾਨੀਅਤ ਬਰਾਬਰਤਾ, ਅਨੇਕਤਾ ਅਤੇ ਧਾਰਮਕ ਹੱਕਾਂ ਲਈ ਜਦੋ-ਜਹਿਦ ਕਰ ਰਹੇ ਹਨ। 10 ਮੁੱਦਿਆਂ ਤੇ ਅਧਾਰਤ ਸਿੱਖ ਮੈਨੀਫੈਸਟੋ ਕੌਮ ਸਾਹਮਣੇ ਉਪਰੋਕਤ ਚੁਣੌਤੀਆਂ ਦਾ ਢੁੱਕਵਾਂ ਜਵਾਬ ਹੈ। ਇਹ ਸਾਨੂੰ ਸਮਰੱਥਾ ਅਤੇ ਸੇਧ ਦਿੰਦਾ ਹੈ ਕਿ ਖਾਲਸੇ ਦੇ ਮੀਰੀ-ਪੀਰੀ ਵਿਰਸੇ ਨੂੰ ਡੈਮੋਕ੍ਰੇਸੀ ਵਿੱਚ ਕਿਵੇਂ ਉਜਾਗਰ ਰੱਖਣਾ ਹੈ।

- ਜਨਰਲ ਇਲੈਕਸ਼ਨ ਤੋਂ ਪਹਿਲਾਂ, ਸਿੱਖ ਮੈਨੀਫੈਸਟੋ, ਸਿੱਖ ਕਮਿਊਨਿਟੀ, ਪਬਲਿਕ ਅਤੇ ਪਾਲੀਟੀਕਲ ਪਾਰਟੀਆਂ ਨੂੰ ਇੱਕ ਸੁਨੇਹਾ ਹੈ ਕਿ ਸਿੱਖ ਮੁੱਦਿਆਂ ਨੂੰ ਸਮਝ ਕੇ ਇਨ੍ਹਾਂ ਦਾ ਕਿਵੇਂ ਹੱਲ ਲੱਭਣਾ ਹੈ। ਸਿੱਖ ਮੈਨੀਫੈਸਟੋ ਨੂੰ ਆਪ ਪੜ੍ਹੋ ਅਤੇ ਜਿਨ੍ਹਾਂ ਪਾਲੀਟੀਕਲ ਉਮੀਦਵਾਰਾਂ ਅਥਵਾ ਪਾਰਟੀਆਂ ਨੂੰ ਤੁਹਾਡੀ ਵੋਟ ਚਾਹੀਦੀ ਹੈ, ਉਨ੍ਹਾਂ ਨੂੰ ਇਸ ਦੇ ਅਧਾਰ ਤੇ ਜਵਾਬਦੇਹ ਬਣਾਓ। ਸ਼ਸੱਖ ਵੋਟ ਸਭ ਪਾਰਟੀਆਂ ਲਈ ਅਤਿਅੰਤ ਜਰੂਰੀ ਹੈ। ਵੋਟ ਪਾਉਣ ਲਈ 20 ਅਪ੍ਰੈਲ ਤੀਕ ਰਜਿਸਟਰ ਹੋਵੋ ਅਤੇ ਆਪਣੀ ਵੋਟ ਪਾਓ ਤਾਂ ਕਿ ਸਿੱਖ ਵੋਟ ਫੀਸਦੀ ਸਭ ਤੋਂ ਜਿਆਦਾ ਪਵੇ। ਸਿੱਖ ਰਸੂਖ ਵਧਾਉਣ ਲਈ ਆਪਣੇ ਦੋਸਤਾਂ ਅਤੇ ਗੁਆਂਢੀਆਂ ਨੂੰ ਪ੍ਰੇਰਤ ਕਰੋ।

- ਸਿੱਖ ਮੈਨੀਫੈਸਟੋ ਦਾ ਨਿਸ਼ਾਨਾ 50 ਸੀਟਾਂ ਹਨ। ਅਜੋਕੇ ਸਰਵੇਖਣ ਤੋਂ ਸਿੱਧ ਹੁੰਦਾ ਹੈ ਕਿ ਲੇਬਰ ਨੂੰ ਹੋਰ 50 ਸੀਟਾਂ ਜਿੱਤਣ ਦੀ ਉਮੀਦ ਹੈ ਤਾਂ ਕਿ ਉਹ ਅਗਲੀ ਗੌਰਮਿੰਟ ਬਣਾ ਸਕਣ। ਝੁੱਲ ਮਿਲਾ ਕੇ ਇਹ 100 ਸੀਟਾਂ ਸਾਡਾ ਚੋਣ ਅਖਾੜਾ ਹਨ। ਇਨ੍ਹਾਂ ਤੋਂ ਅਸੀਂ ਦਰਸਾ ਸਕਦੇ ਹਾਂ ਕਿ ਸਿੱਖ ਵੋਟਰ ਵੱਡੀਆਂ ਰਾਜਸੀ ਪਾਰਟੀਆਂ ਦੀ ਜਿੱਤ ਹਾਰ ਦਾ ਫੈਸਲਾ ਕਰ ਸਕਦੇ ਹਨ।

  - (Sikhs are not counted under the current ethnic monitoring system but they do count).

## ਸਾਡਾ ਯੋਗਦਾਨ ਬਹੁਤ ਹੈ,
## ਸਾਡੇ ਨਾਲ ਸਲੂਕ ਵੀ ਬਿਹਤਰ ਹੋਵੇ।

### ਸੈਕਸ਼ਨ 1 : ਪਾਰਲੀਮੈਂਟ ਵਿੱਚ ਸਿੱਖ ਮੁੱਦੇ ਉਠਾਉਣ ਲਈ ਬਿਹਤਰ ਨੁਮਾਇੰਦਗੀ।

ਪਾਰਲੀਮੈਂਟ ਵਿੱਚ ਜਰੂਰੀ ਸਿੱਖ ਵਿਸ਼ਿਆਂ ਤੇ ਅਸਰਦਾਇਕ ਪ੍ਰਤੀਨਿਧਤਾ ਅਤੇ ਨਾਲ ਹੀ ਹਾਊਸ ਆਫ ਕਾਮਨਜ਼ ਅਤੇ ਲਾਰਡਜ਼ ਵਿੱਚ ਸਿੱਖ ਪਹਿਚਾਣ ਵਾਲੇ ਹੋਰ ਨੁਮਾਇੰਦੇ (ਐਮ.ਪੀ. ਅਤੇ ਲਾਰਡਜ਼)

### ਸੈਕਸ਼ਨ 2 : ਸਿੱਖਾਂ ਦੀ ਅਲਹਿਦਾ ਕੌਮੀ ਗਿਣਤੀ (ethnic monitoring)

ਸਿੱਖਾਂ ਦੀ ਇਕ ਕੌਮ ਦੇ ਤੌਰ ਤੇ ਗਿਣਤੀ ਅਤੇ ਨਿਰੀਖਣ ਲਈ ਆਫਿਸ ਫਾਰ ਨੈਸ਼ਨਲ ਸਟੈਟਿਕਸ (Office for National Statistics) ਤੋਂ ਪਬਲਿਕ ਬਾਡੀਜ਼ (ਅਦਾਰਿਆਂ, ਸੰਸਥਾਵਾਂ, ਲੋਕਲ ਅਥਾਰਿਟੀਜ਼ ਆਦਿ) ਨੂੰ ਨਿਰਦੇਸ਼ ਜਾਰੀ ਕਰਵਾਉਣਾ ਅਤੇ 2021 ਮਰਦਮਸ਼ੁਮਾਰੀ ਵਿੱਚ ਅਲਹਿਦਾ ਬਾਕਸ ਰਖਵਾਉਣਾ।

### ਸੈਕਸ਼ਨ 3 : ਪੰਜ ਕਕਾਰਾਂ ਅਤੇ ਦਸਤਾਰ ਸਬੰਧੀ ਕਾਨੂੰਨੀ ਕੋਡ (ਸੇਧ) (Statutory Code)

ਸਿੱਖਾਂ ਨਾਲ ਪੰਜ ਕਕਾਰਾਂ ਅਤੇ ਦਸਤਾਰ ਪਹਿਨਣ ਕਾਰਨ ਵਿਤਕਰੇ ਨੂੰ ਬੰਦ ਕਰਨ ਲਈ ਇੱਕ ਕਾਨੂੰਨੀ ਕੋਡ ਜਾਰੀ ਕਰਵਾਉਣਾ।

### ਸੈਕਸ਼ਨ 4 : ਜਿਨਸੀ ਸਬੰਧਾਂ ਅਤੇ ਜਬਰੀ ਧਰਮ ਬਦਲੀ ਲਈ ਧੋਖੇ ਜਾਲ ਵਿੱਚ ਫਸਾਉਣ ਵਾਲਿਆਂ ਖਿਲਾਫ ਕਾਰਵਾਈ

ਧੋਖੇ ਨਾਲ ਵਿਸਾਹ ਦੇ ਕੇ ਜਿਨਸੀ ਵਪਾਰ ਅਤੇ ਧਰਮ ਬਦਲੀ ਲਈ ਭੋਲੇ ਯੂਥ ਨੂੰ ਗੁਮਰਾਹ ਕਰਕੇ ਆਪਣੇ ਜਾਲ ਵਿੱਚ ਫਸਾਉਣ ਵਾਲਿਆਂ ਖਿਲਾਫ ਗੌਰਮਿੰਟ ਵਲੋਂ ਠੋਸ ਕਦਮ, ਅਤੇ ਭੁਲੇਖ ਪਾਊ ਲਫ਼ਜ਼ ''ਏਸ਼ੀਅਨ'' ਦੀ ਮੀਡੀਆ ਅਤੇ ਪਬਲਿਕ ਅਦਾਰਿਆਂ ਵਿੱਚ ਵਰਤੋਂ ਦੀ ਮਨਾਹੀ।

### ਸੈਕਸ਼ਨ 5 : ਸਟੇਟ ਖਰਚੇ ਹੋਰ ਸਿੱਖ ਸਕੂਲ

ਸੈਂਟਰਲ ਅਤੇ ਲੋਕਲ ਗੌਰਮਿੰਟ ਦੀ ਮਦਦ ਨਾਲ ਚਾਲੂ ਸਿੱਖ ਸਕੂਲਾਂ ਦੀ ਨੈਟਵਰਕ ਕਾਇਮ ਕਰਨੀ।

### ਸੈਕਸ਼ਨ 6 : ਪਹਿਲੀ ਲੜਾਈ ਵਿੱਚ ਸਿੱਖ ਕੁਰਬਾਨੀਆਂ ਨੂੰ ਉਜਾਗਰਤਾ ਦੇਣ ਲਈ ਲੰਦਨ ਵਿੱਚ ਯਾਦਗਾਰ

ਸਿੱਖ ਕੌਮ ਦੀਆਂ ਪਹਿਲੀ ਲੜਾਈ ਵਿੱਚ ਮਹਾਨ ਕੁਰਬਾਨੀਆਂ ਨੂੰ ਪਬਲਿਕ ਸਾਹਮਣੇ ਹਮੇਸ਼ਾ ਲਈ ਉਜਾਗਰ ਕਰਨ ਲਈ ਸੈਂਟਰਲ ਲੰਦਨ ਵਿੱਚ ਕੋਈ ਉਚਿਤ ਥਾਂ ਨਿਸ਼ਚਿਤ ਕਰਨਾ ਜਿੱਥੇ ਪਬਲਿਕ ਖਰਚੇ ਤੇ ਇਕ ਯਾਦਗਾਰ ਬਣਾਈ ਜਾਵੇ।

### ਸੈਕਸ਼ਨ 7 : ਫਰਾਂਸ ਵਲੋਂ ਦਸਤਾਰ-ਧਾਰੀ ਸਿੱਖਾਂ ਤੇ ਪਾਬੰਦੀ ਉਠਾਉ ਲਈ ਦਬਾਅ ਪਾਉਣਾ।

ਯੂ.ਕੇ ਸਰਕਾਰ ਹੋਰ ਸਰਕਾਰਾਂ ਦੇ ਸਹਿਯੋਗ ਨਾਲ ਫਰਾਂਸ (ਅਤੇ ਬੈਲਜੀਅਮ) ਤੇ ਦਬਾਅ ਪਾਵੇ ਕਿ ਉਹ ਯੂ.ਐਨ. ਮਨੁੱਖੀ ਅਧਿਕਾਰ ਕੌਂਸਲ (UNHRC) ਦੇ ਦਸਤਾਰ ਦੇ ਹੱਕ ਵਿੱਚ ਲਏ ਫੈਸਲੇ ਨੂੰ ਲਾਗੂ ਕਰਨ।

### ਸੈਕਸ਼ਨ 8 : 1984 ਦੀ ਸਿੱਖ ਨਸਲਕੁਸ਼ੀ (genocide) ਵਿੱਚ ਯੂ.ਕੇ. ਸਰਕਾਰ ਦੇ ਰੋਲ ਸਬੰਧੀ ਪਬਲਿਕ ਇਨਕੁਆਰੀ (Independent Public Inquiry)

1984 ਜੂਨ ਅਤੇ ਨਵੰਬਰ ਦੇ ਘੱਲੂਘਾਰਿਆਂ ਵਿੱਚ ਜੂਨ ਤੋਂ ਪਹਿਲੋਂ ਅਤੇ ਬਾਦ ਵਿੱਚ ਯੂ.ਕੇ. ਸਰਕਾਰ ਨੇ ਕੀ ਭੂਮਿਕਾ ਨਿਭਾਈ। ਇਸ ਸਬੰਧੀ ਨਿਰਪੱਖ ਪਬਲਿਕ ਜਾਂਚ ਦੀ ਮੰਗ।

### ਸੈਕਸ਼ਨ 9 : ਯੂ.ਐਨ. ਦੀ ਅਗਵਾਈ ਹੇਠ 1984 ਦੀ ਸਿੱਖ ਨਸਲਕੁਸ਼ੀ ਸਬੰਧੀ ਜਾਂਚ (Un-led Inquiry)

ਇੰਡੀਅਨ ਸਰਕਾਰ ਅਤੇ ਅਦਾਰਿਆਂ/ਏਜੰਸੀਆਂ ਨੇ ਜੂਨ ਅਤੇ ਨਵੰਬਰ 1984 ਵਿੱਚ ਜੋ ਜ਼ੁਲਮ ਸਿੱਖਾਂ ਤੇ ਢਾਹੇ ਉਨ੍ਹਾਂ ਨੂੰ ਯੂ.ਕੇ. ਸਰਕਾਰ ''ਨਸਲਕੁਸ਼ੀ'' ਕਰਾਰ ਕੇ ਯੂ.ਐਨ ਇਨਕੁਆਰੀ ਲਈ ਯਤਨਸ਼ੀਲ ਹੋਵੇ।

### ਸੈਕਸ਼ਨ-10 : ਸਵੈ-ਨਿਸ਼ਚਾ (Self determination) ਜਾਂ ਅਜਾਦੀ, ਸਿੱਖਾਂ ਦਾ ਇੱਕ ਬੁਨਿਆਦੀ ਹੱਕ ਹੈ।

ਯੂ.ਕੇ. ਸਰਕਾਰ ਸਿੱਖਾਂ ਦੇ ਬੁਨਿਆਦੀ ਕੌਮੀ ਹੱਕ ਸਵੈ-ਨਿਸ਼ਚਾ ਜਾਂ ਅਜਾਦੀ ਨੂੰ ਅਸੂਲਨ ਸਨਮਾਨ ਦੇਵੇ।

2015 - 2020

info@thesikhnetwork.com | www.thesikhnetwork.com | thesikhnetwork | TheSikhNet

# SIKH MANIFESTO 2015 - 2020

## We have given so much, we deserve better...

The 700,000 Sikhs in Britain are widely recognised as a role model community and represent an exceptional example of successful integration whilst maintaining a very visible and distinctive religious identity.

Sikhs have made an immense contribution in all spheres of public life and achieved this through honest hard work. We respect human diversity and all religions and continue to promote equality and tolerance towards others.

Sikhs have a proud military tradition, and over the last 200 years have made a huge contribution. We have answered the call in both world wars with an unprecedented number sacrificing their lives for the freedoms we enjoy today in Europe.

The journey however has not been without its challenges and struggles. When needed Sikhs have not been slow to assert their rights through peaceful protests, lobbying and, as a last resort, through legal action.

However, the sad reality is that government papers revealed under the 30-years rule show how the democratic rights of the law-abiding British Sikh community have been systematically compromised by the British establishment in return for trade with India.

Today, although Sikhs have excelled in commerce, education and medicine, they have yet to feel inspired to fully interact with the UK political system. There is now greater awareness for the need to take up Sikh issues through lobbying and by participating in local and national politics.

Sikhs have a long standing tradition of fighting for the core human values of truth, equality, respect for diversity and religious freedom. The 10-point Sikh Manifesto is a tool for highlighting the challenges the community faces today. It empowers you and gives direction for change to rekindle the miri-piri activist spirit.

The Sikh Manifesto calls on the Sikh community and the wider public, including all the political parties to understand and find joint solutions to the issues and concerns raised, prior to the general election.

Please read and use the Sikh Manifesto (that you can also download from the Sikh Network website www.thesikhnetwork.com) to challenge politicians and political parties that want your vote on 7 May. The Sikh vote is crucial to all the main political parties. Register to vote by 20 April and use your vote to ensure Sikhs have the highest turnout. Ask friends and neighbours to vote with you to help double the Sikh influence.

The Sikh Manifesto identifies 50 target seats. Based on the latest predictions we have identified 50 additional seats that Labour hope to gain and form the largest party and possibly the next government. Together these 100 seats constitute the 'Sikh battleground' where Sikhs may hold the balance of power and where the Sikh vote really counts.

We have given so much, we deserve better...

### SECTION 1 - BETTER REPRESENTATION IN PARLIAMENT

**Better representation in Parliament of issues of importance to the Sikh community, including an increase in visible Sikh representation in the House of Commons and Lords**

### SECTION 2 - SEPARATE ETHNIC MONITORING OF SIKHS

**Changing the Office for National Statistics (ONS) guidance to public bodies on collecting, monitoring and using ethnic group data by requiring Sikhs to be monitored as a distinct ethnic group and agreeing to a separate ethnic tick box for Sikhs in the 2021 Census**

### SECTION 3 - STATUTORY CODE OF PRACTICE ON THE 5ks AND SIKH TURBAN

**Introduction of a statutory Code of Practice on the 5ks and Sikh turban to prevent discrimination in the workplace and public spaces**

### SECTION 4 - ACTION AGAINST PERPETRATORS OF GROOMING AND FORCED CONVERSIONS

**Determined UK Government action against perpetrators of grooming and forced conversions and abandonment of the term 'Asian' by public bodies and the media**

### SECTION 5 - NETWORK OF STATE FUNDED SIKH ETHOS SCHOOLS

**Central and local government support for a network of state funded Sikh ethos schools**

### SECTION 6 - MONUMENT IN LONDON TO HIGHLIGHT SIKH SACRIFICES IN THE FIRST WORLD WAR

**Allocation of a suitable site in central London for a permanent monument to highlight Sikh sacrifices in the First World War to be funded through public subscriptions**

### SECTION 7 - PRESSURE ON FRANCE TO STOP DISCRIMINATION AGAINST TURBAN WEARING SIKHS

**UK Government working with other governments to exert pressure on France (and Belgium) to honour decisions by the UNHRC with respect to discrimination against turban wearing Sikhs**

### SECTION 8 - INDEPENDENT PUBLIC INQUIRY INTO UK GOVERNMENT ACTIONS IN THE LEAD UP TO AND AFTER THE 1984 SIKH GENOCIDE

**Independent public inquiry into the actions of the UK Government in the lead up to and after the June and November 1984 Sikh Genocide including restrictions imposed on British Sikhs following pressure by India**

### SECTION 9 - UN-LED INQUIRY INTO THE 1984 SIKH GENOCIDE

**UK Government recognition of the events of June and November 1984 as Sikh Genocide and backing for a UN-led inquiry into the atrocities committed by the Indian authorities**

### SECTION 10 - APPLICATION OF SELF DETERMINATION TO THE SIKHS

**UK Government recognition and support for the application of self determination to the Sikhs**

info@thesikhnetwork.com | www.thesikhnetwork.com | thesikhnetwork | TheSikhNet